1WDMS

ਪੰਜਾਬ ਸਰਕਾਰ
ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਭਾਗ ਵਿਭਾਗ
(ਅਪੰਗ ਵਿਅਕਤੀਆਂ ਦੀ ਭਲਾਈ ਸਾਖਾ)

ਵਿਸਾ:- ਅਪੰਗ ਵਿਅਕਤੀਆਂ ਲਈ ਸਿੱਧੀ ਭਰਤੀ ਵਿੱਚ 3% ਦੇ ਹਿਸਾਬ ਨਾਲ ਬੈਕਲਾਗ ਦੀਆਂ ਅਸਾਮੀਆਂ ਭਰਨ ਬਾਰੇ।

------

ਸਮੂਹ ਵਿੱਤੀ ਕਮਿਸਨਰ/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ ਪੰਜਾਬ ਸਰਕਾਰ ਕ੍ਰਿਪਾ ਕਰਕੇ ਉਪਰੋਕਤ ਵਿਸੇ ਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਅੱਧ ਸਰਕਾਰੀ ਪੱਤਰ ਨੰਬਰ 10/3/2012-7ਸਸ/299, ਮਿਤੀ 20.4.2012 ਵੱਲ ਧਿਆਨ ਦੇਣ ਦੀ ਖੇਚਲ ਕਰਨ।

2. ਹਵਾਲਾ ਅਧੀਨ ਪੱਤਰ ਰਾਹੀਂ ਇਸ ਵਿਭਾਗ ਵਲੋਂ ਜਾਰੀ ਕੀਤੇ ਵੱਖ ਵੱਖ ਪੱਤਰਾਂ ਦਾ ਹਵਾਲਾ ਦਿੰਦੇ ਹੋਏ ਇਹ ਲਿਖਿਆ ਗਿਆ ਸੀ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮ ਮਿਤੀ 17.12.1997 ਦੀ ਪਾਲਣਾਂ ਨਾ ਹੋਣ ਕਰਕੇ ਪਟੀਸਨਰ ਵਲੋਂ ਸਿਵਲ ਰਿਟ ਪਟੀਸਨ ਨੰ: 14167/97- ਹਰਚਰਨ ਸਿੰਘ ਬਨਾਮ ਪੰਜਾਬ ਸਰਕਾਰ ਵਿੱਚ ਸੀ. ਓ.ਸੀ. ਪੀ.. ਨੰ: 3169 ਆਫ 2011 ਦਾਇਰ ਕੀਤੀ ਗਈ ਹੈ। ਇਸ ਵਿੱਚ ਅਪੰਗ ਵਿਅਕਤੀਆਂ ਦਾ ਸਿੱਧੀ ਭਰਤੀ ਵਿੱਚ ਬੈਕਲਾਗ ਨਾ ਭਰੇ ਜਾਣ ਦਾ ਨੁੱਕਤਾ ਉਠਾਇਆ ਗਿਆ ਹੈ। ਜਿਸ ਸਬੰਧੀ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 18.4.2012 ਨੂੰ ਮੀਟਿੰਗ ਵੀ ਹੋਈ ਸੀ ਜਿਸ ਵਿੱਚ ਮਾਨਯੋਗ ਹਾਈਕੋਰਟ ਦੇ ਹੁਕਮਾਂ ਦੀ ਪਾਲਣਾਂ ਨਾ ਹੋਣ ਦਾ ਗੰਭੀਰ ਨੋਟਿਸ ਲਿਆ ਗਿਆ ਹੈ। ਇਸ ਲਈ ਬੇਨਤੀ ਕੀਤੀ ਗਈ ਸੀ ਕਿ ਮਾਨਯੋਗ ਹਾਈਕੋਰਟ ਦੇ ਹੁਕਮਾਂ ਅਨੁਸਾਰ ਲੋੜੀਦੀ ਕਾਰਵਾਈ ਤੁਰੰਤ ਕੀਤੀ ਜਾਵੇ ਅਤੇ ਆਪਣੇ ਅਧੀਨ ਵਿਭਾਗਾ, ਬੋਰਡਾਂ, ਕਾਰਪੋਰੇਸਨਾਂ ਤੋਂ ਕੈਟਾਗਰੀਵਾਈਜ ਸੂਚਨਾਂ ਇੱਕਤਰ ਕਰਕੇ ਸੰਕਲਿਤ ਰੂਪ ਵਿੱਚ ਰਿਪੋਰਟ ਇਕ ਹਫਤੇ ਦੇ ਅੰਦਰ ਅੰਦਰ ਨਿਰਧਾਰਤ ਪ੍ਰਫਾਰਮਾ ਨੰ: 1 ਅਤੇ 2 ਵਿੱਚ ਭੇਜੀ ਜਾਵੇ । ਇਹ ਸੂਚਨਾ ਇੱਕਾ-ਦੁੱਕਾ ਡਾਇਰੈਕਟੋਰੇਟ ਪੱਧਰ ਦੇ ਦਫਤਰਾਂ ਨੂੰ ਛੱਡ ਕੇ ਕਿਸੇ ਵੀ ਪ੍ਰਬੰਧਕੀ ਵਿਭਾਗ ਵਲੋਂ ਅਜੇ ਤੱਕ ਕੋਈ ਸੂਚਨਾਂ ਪ੍ਰਾਪਤ ਨਹੀ ਹੋਈ। ਇਸ ਲਈ ਆਪ ਨੂੰ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਲੋੜੀਦੀ ਸੂਚਨਾ ਆਪਣੇ ਅਧੀਨ ਦਫਤਰਾਂ, ਬੋਰਡਾਂ ਅਤੇ ਕਾਰਪੋਰੇਸਨਾਂ ਤੋ ਇੱਕਤਰ ਕਰਕੇ ਨਿਰਧਾਰਤ ਪ੍ਰਫਾਰਮਿਆਂ ਵਿੱਚ ਸੰਕਲਿਤ ਕਰਕੇ ਬਿਨਾਂ ਕਿਸੇ ਦੇਰੀ ਤੋਂ ਤਿੰਨ ਦਿਨਾਂ ਦੇ ਅੰਦਰ ਅੰਦਰ ਪ੍ਰਬੰਧਕੀ ਵਿਭਾਗ ਦੇ ਪੱਧਰ ਤੇ ਇਸ ਵਿਭਾਗ ਨੂੰ ਭੇਜੀ ਜਾਵੇ। ਕਿਸੇ ਵੀ ਡਾਇਰੈਕਟੋਰੇਟ, ਬੋਰਡ ਜਾਂ ਕਾਰਪੋਰੇਸਨ ਤੋਂ ਸਿੱਧੇ ਪ੍ਰਾਪਤ ਹੋਈ ਸੂਚਨਾ ਨੂੰ ਸਵਿਕਾਰ ਨਹੀ ਕੀਤਾ ਜਾਵੇਗਾ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਅਧੀਨ ਸਕੱਤਰ

ਸੇਵਾ ਵਿਖੇ,

ਸਮੂਹ ਵਿੱਤੀ ਕਮਿਸਨਰ/ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ ਪੰਜਾਬ ਸਰਕਾਰ ।

ਅੰ: ਵਿ: ਪੱ: ਨੰ: 10 / 3/2012-1ਡਸ/ 638 ਮਿਤੀ, ਚੰਡੀਗੜ੍ਹ 19-7-12